3

# ਯੂਹੰਨਾ ਨੇ ਬਪਤਿਸਮੇ ਦੀ ਸਿੱਖਿਆ ਦਿੱਤੀ

*''ਯੂਹੰਨਾ ਆਇਆ ਜਿਹੜਾ ਉਜਾੜ ਵਿਚ ਬਪਤਿਸਮਾ ਦਿੰਦਾ ਸੀ ਅਰ ਪਾਪਾਂ ਦੀ ਮਾਫ਼ੀ ਲਈ ਤੌਬਾ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਸੀ'' (ਮਰਕੁਸ 1:4)।*

ਯੂਹੰਨਾ ਦੁਆਰਾ ਸਿਖਾਇਆ ਅਤੇ ਦਿੱਤਾ ਜਾਣ ਵਾਲਾ ਤਿਆਰੀ ਦਾ ਬਪਤਿਸਮਾ ਅੱਖਾਂ ਮੀਟ ਕੇ ਹੁਕਮ ਮੰਨਣ ਦਾ ਪ੍ਰਤੀਕ ਜਾਂ ਬਿਨਾਂ ਸਮਝ ਅਤੇ ਵਚਨਬੱਧਤਾ ਦੇ ਖੋਖਲੀ ਧਾਰਮਿਕ ਰਵਾਇਤ *ਨਹੀਂ* ਸੀ ਸਗੋਂ ਇਹ ਬਪਤਿਸਮਾ ਉਨ੍ਹਾਂ ਵਾਸਤੇ ਸੀ ਜੋ ਇਸ ਦੇ ਮਕਸਦ ਅਤੇ ਅਰਥ ਨੂੰ ਸਮਝਦੇ ਸਨ।

ਪ੍ਰਮੇਸ਼ਵਰ ਦੇ ਮਹਾਨ ਸੇਵਕ, ਯੂਹੰਨਾ (ਮੱਤੀ 11:11) ਦਾ ਜਨਮ ਜ਼ਕਰਯਾਹ ਯਾਜਕ ਅਤੇ ਉਹਦੀ ਪਤਨੀ ਇਲਿਸਬਤ ਦੇ ਘਰ ਬੁਢਾਪੇ ਵਿਚ ਹੋਇਆ ਸੀ (ਲੂਕਾ 1:5-7, 57)। ਉਹ ਆਪਣੇ ਰਿਸ਼ਤੇਦਾਰ ਯਿਸੂ ਨਾਲੋਂ ਛੇ ਮਹੀਨੇ ਵੱਡਾ ਸੀ (ਲੂਕਾ 1:36)। ਯੂਹੰਨਾ ਨੇ ਯਿਸੂ ਦੇ ਬਪਤਿਸਮਾ ਲੈਣ ਅਤੇ ਉਹਦੀ ਸੇਵਕਾਈ (ਲੂਕਾ 3:21-23) ਦੇ ਸ਼ੁਰੂ ਹੋਣ ਤੋਂ ਛੇ ਮਹੀਨੇ ਪਹਿਲਾਂ, ਤੀਹ ਕੁ ਸਾਲ ਦੀ ਉਮਰ ਵਿਚ ਯਰਦਨ ਦਰਿਆ ਨੇੜੇ ਯਹੂਦੀਆ ਦੇ ਉਜਾੜ ਵਿਚ ਪ੍ਰਚਾਰ ਕਰਨਾ ਸ਼ੁਰੂ ਕੀਤਾ (ਮਰਕੁਸ 1:4, 5)।

ਯੂਹੰਨਾ ਦੇ ਮਿਸ਼ਨ ਅਤੇ ਬਪਤਿਸਮੇ ਨੂੰ (1) ਉਹਦੇ ਕੰਮ ਨਾਲ ਜੁੜੀ ਭਵਿੱਖਬਾਣੀ, (2) ਉਹਦੇ ਪ੍ਰਚਾਰ ਅਤੇ (3) ਲੋਕਾਂ ਦੁਆਰਾ ਬਪਤਿਸਮਾ ਲੈ ਕੇ ਉਸ ਨੂੰ ਮੰਨਣ ਦੇ ਅਧਿਐਨ ਨਾਲ ਵੇਖਿਆ ਜਾ ਸਕਦਾ ਹੈ।

## ਯੂਹੰਨਾ ਬਾਰੇ ਭਵਿੱਖਬਾਣੀ

ਯਸਾਯਾਹ ਨੇ ਯੂਹੰਨਾ ਬਾਰੇ ਲਿਖਿਆ ਸੀ ਕਿ ਉਹ ਪ੍ਰਭੂ ਦਾ ਰਾਹ ਸਿੱਧਾ ਕਰਨ ਲਈ ਉਜਾੜ ਵਿਚ ਇਕ ਪੁਕਾਰਨ ਵਾਲੇ ਦੀ ਅਵਾਜ਼ ਹੋਵੇਗਾ (ਯਸਾਯਾਹ 40:3; ਮੱਤੀ 3:3; ਲੂਕਾ 3:4; ਯੂਹੰਨਾ 1:23 ਵਿਚ ਦੁਹਰਾਇਆ ਗਿਆ)। ਮਲਾਕੀ ਨੇ ਭਵਿੱਖਬਾਣੀ ਕੀਤੀ ਸੀ ਕਿ ਉਹ ਪ੍ਰਭੂ ਦਾ ਰਾਹ ਤਿਆਰ ਕਰਨ ਵਾਲਾ ਪ੍ਰਮੇਸ਼ਵਰ ਦਾ ਦੂਤ ਹੋਵੇਗਾ (ਮਲਾਕੀ 3:1; ਤੁਲਨਾ ਮੱਤੀ 11:10; ਲੂਕਾ 1:76; 7:27)। ਉਹਨੇ ਕਿਹਾ ਕਿ ਇਹ ਨਬੀ ''ਪਿਓਆਂ ਦੇ ਦਿਲ ਬਾਲਕਾਂ ਵੱਲ ਅਤੇ ਬਾਲਕਾਂ ਦੇ ਦਿਲ ਪਿਓਵਾਂ ਵੱਲ ਮੋੜੇਗਾ, ਮਤੇ ਮੈਂ ਆਵਾਂ ਅਤੇ ਧਰਤੀ ਦਾ ਸੱਤਿਆਨਾਸ ਕਰਾਂ'' (ਮਲਾਕੀ 4:5, 6; ਤੁਲਨਾ ਲੂਕਾ 1:17; ਮੱਤੀ 11:14;

17:10, 11; ਮਰਕੁਸ 9:11- 13)।

ਯੂਹੰਨਾ ਦੇ ਜਨਮ ਤੋਂ ਪਹਿਲਾਂ, ਜ਼ਿਬਰਾਈਲ ਫ਼ਰਿਸ਼ਤੇ ਨੇ ਜ਼ਕਰਯਾਹ ਨੂੰ ਦੱਸਿਆ ਸੀ ਕਿ ''[ਉਹ] ਇਸਰਾਏਲ ਦੀ ਔਲਾਦ ਵਿੱਚੋਂ ਬਹੁਤਿਆਂ ਨੂੰ ਉਨ੍ਹਾਂ ਦੇ ਪ੍ਰਮੇਸ਼ਵਰ ਪ੍ਰਭੂ ਦੀ ਵੱਲ ਮੋੜੇਗਾ। ਉਹ ਉਸ ਦੇ ਅੱਗੇ-ਅੱਗੇ ਏਲੀਆਹ ਦੇ ਆਤਮਾ ਅਰ ਬਲ ਨਾਲ ਚੱਲੇਗਾ ਜੋ ਪਿਓਵਾਂ ਦੇ ਦਿਲਾਂ ਨੂੰ ਬਾਲਕਾਂ ਦੀ ਵੱਲ ਅਤੇ ਬੇਮੁਖਾਂ ਨੂੰ ਧਰਮੀਆਂ ਦੀ ਬੁੱਧ ਦੀ ਵੱਲ ਮੋੜੇ ਤਾਂ ਜੋ ਪ੍ਰਭੂ ਦੀ ਸੁਧਾਰੀ ਹੋਈ ਕੌਮ ਨੂੰ ਤਿਆਰ ਕਰੇ'' (ਲੂਕਾ 1:16, 17; ਤੁਲਨਾ ਮਲਾਕੀ 4:6)। ਯਿਸੂ ਨੇ ਯੂਹੰਨਾ ਨੂੰ ਆਉਣ ਵਾਲਾ ਏਲੀਆਹ ਕਿਹਾ ਸੀ (ਮੱਤੀ 11:11-14; 17:11-13)। ਯੂਹੰਨਾ ਪੁਰਾਣੇ ਨਾਮ ਵਾਲਾ ਏਲੀਆਹ ਨਬੀ ਨਹੀਂ ਸੀ (ਯੂਹੰਨਾ 1:21); ਸਗੋਂ ਉਹ ਏਲੀਆਹ ਵਾਲੀ ਰੂਹ ਅਤੇ ਬਲ ਨਾਲ ਭਰਪੂਰ ਹੋ ਕੇ ਆਇਆ ਸੀ (ਲੂਕਾ 1:17)।

ਜ਼ਾਹਰ ਹੈ ਕਿ ਯੂਹੰਨਾ ਦਾ ਕੰਮ ਆਉਣ ਵਾਲੇ ਪ੍ਰਭੂ ਦੀ ਤਿਆਰੀ ਲਈ ਇਸਰਾਏਲ ਦੇ ਲੋਕਾਂ ਨੂੰ ਆਪਣੇ ਜੀਵਨਾਂ ਨੂੰ ਸੁਧਾਰਣ ਦੀ ਬੇਨਤੀ ਕਰਨਾ ਸੀ (ਮਲਾਕੀ 3:1)।

## ਯੂਹੰਨਾ ਦਾ ਪ੍ਰਚਾਰ

ਯੂਹੰਨਾ ਦਾ ਪੈਗ਼ਾਮ ਸੀ ਕਿ ''ਤੌਬਾ ਕਰੋ ਕਿਉਂ ਜੋ ਸਵਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 3:1, 2)। ਉਹਦੀ ਸੇਵਕਾਈ ਵਿਚ ''ਪਾਪਾਂ ਦੀ ਮਾਫ਼ੀ ਲਈ ਤੌਬਾ ਦਾ ਬਪਤਿਸਮਾ'' ਦਿੱਤਾ ਜਾਂਦਾ ਸੀ (ਲੂਕਾ 3:3)।

ਯੂਹੰਨਾ ਨੇ ਉਹਦੇ ਕੋਲ ਬਿਨਾਂ ਸਵਾਲ ਕੀਤੇ ਬਪਤਿਸਮਾ ਲੈਣ ਆ ਰਹੇ ਲੋਕਾਂ ਨੂੰ ਸੱਪ ਦੇ ਬੱਚੇ ਕਹਿ ਕੇ ਝਿੜਕਿਆ ਅਤੇ ਕਿਹਾ ਕਿ ਉਹ ਆਪਣੀਆਂ ਜ਼ਿੰਦਗੀਆਂ ਵਿਚ ਤੌਬਾ ਦੇ ਯੋਗ ਫ਼ਲ ਲਿਆਉਣ (ਲੂਕਾ 3:7, 8)। ਉਹਦੇ ਕੋਲੋਂ ਬਪਤਿਸਮਾ ਲੈਣ ਆਉਣ ਵਾਲਿਆਂ ਨੂੰ ਉਹਨੇ ਬੇਨਤੀ ਕੀਤੀ ਕਿ ਉਹ ਆਉਣ ਵਾਲੇ ਮਸੀਹਾ ਲਈ ਜਿਸ ਉੱਤੇ ਉਨ੍ਹਾਂ ਨੇ ਵਿਸ਼ਵਾਸ ਕਰਨਾ ਸੀ ਆਪਣੀਆਂ ਜ਼ਿੰਦਗੀਆਂ ਨੂੰ ਬਦਲ ਲੈਣ (ਰਸੂਲਾਂ ਦੇ ਕੰਮ 19:4)। ਉਹ ਯਿਸੂ ਦੇ ਮਸੀਹ ਹੋਣ ਦੀ ਗਵਾਹੀ ਦੇਣ ਲਈ ਬਪਤਿਸਮਾ ਦੇਣ ਆਇਆ (ਯੂਹੰਨਾ 1:31-34), ਜੋ ਆਤਮਾ ਦੇ ਯਿਸੂ ਤੇ ਜ਼ਾਹਰਾ ਤੌਰ ਤੇ ਕਬੂਤਰ ਵਾਂਗ ਉੱਤਰਦਾ ਵੇਖਣ ਦੇ ਬਾਅਦ ਦਿੱਤਾ ਜਾ ਸਕਦਾ ਸੀ (ਲੂਕਾ 3:21, 22)।

ਯੂਹੰਨਾ ਨੇ ਦੱਸਿਆ ਕਿ ਨਾ ਤਾਂ ਉਹ ਏਲੀਆਹ ਸੀ ਅਤੇ ਨਾ ਹੀ ਮਸੀਹ, ਜਿਸ ਦੀ ਉਹ ਉਡੀਕ ਕਰ ਰਹੇ ਸਨ (ਯੂਹੰਨਾ 1:20, 21)। ਉਹਨੇ ਆਪਣੇ ਆਪ ਨੂੰ ਸਿਰਫ਼ ਮਸੀਹ ਲਈ ਜਿਸ ਨੇ ਉਸ ਤੋਂ ਵੱਡਾ ਹੋਣਾ ਸੀ, ਰਾਹ ਤਿਆਰ ਕਰਨ ਲਈ ਭੇਜਿਆ ਗਿਆ ਦੂਤ ਦੱਸਿਆ। ਉਸਨੇ ਕਿਹਾ ਕਿ ਮਸੀਹ ਨੇ ਉਹ ਕਰਨਾ ਸੀ ਜਿਸ ਨੂੰ ਨਾ ਤਾਂ ਯੂਹੰਨਾ ਅਤੇ ਨਾ ਕੋਈ ਹੋਰ ਕਰ ਸਕਿਆ, ਭਾਵ ਉਹਨੇ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਣਾ ਸੀ (ਲੂਕਾ 3:16, 17)।

## ਜਿਨ੍ਹਾਂ ਨੂੰ ਯੂਹੰਨਾ ਨੇ ਬਪਤਿਸਮਾ ਦਿੱਤਾ

ਯੂਹੰਨਾ ਕੋਲੋਂ ਬਪਤਿਸਮਾ ਲੈਣ ਆਏ ਲੋਕ ਆਪਣੇ ਪਾਪੀ ਹੋਣ ਨੂੰ ਮੰਨਦੇ ਸਨ ਕਿਉਂਕਿ ਉਹ ਆਪਣੇ ਕੀਤੇ ਪਾਪਾਂ ਨੂੰ ਕਬੂਲ ਕਰ ਰਹੇ ਸਨ (ਮਰਕੁਸ 1:5)। ਉਨ੍ਹਾਂ ਨੇ ਰਾਜ ਦੇ ਨੇੜੇ ਹੋਣ ਦੇ ਸੰਦੇਸ਼ ਨੂੰ ਮੰਨ ਲਿਆ, ਉਸ ਤੇ ਵਿਸ਼ਵਾਸ ਕੀਤਾ ਜਿਸ ਦੇ ਆਉਣ ਦੀ ਗੱਲ ਯੂਹੰਨਾ

ਨੇ ਕਹੀ ਸੀ, ਆਪਣੇ ਪਾਪਾਂ ਤੋਂ ਤੌਬਾ ਕੀਤੀ ਅਤੇ ਯੂਹੰਨਾ ਦੁਆਰਾ ਦਿੱਤੇ ਗਏ ਵਾਅਦੇ ਨਾਲ ਸ਼ੁੱਧ ਹੋਣ ਦੀ ਇੱਛਾ ਜਤਾਈ। ਆਪਣੇ ਪਾਪਾਂ ਨੂੰ ਮੰਨ ਕੇ (ਮੱਤੀ 3:6) ਅਤੇ ਇਹ ਪੁੱਛ ਕੇ ਕਿ ਕੀ ਕਰੀਏ (ਲੂਕਾ 3:10-14) ਉਨ੍ਹਾਂ ਨੇ ਸੰਕੇਤ ਦਿੱਤਾ ਕਿ ਉਹ ਯੂਹੰਨਾ ਦੇ ਸੰਦੇਸ਼ ਮੁਤਾਬਕ ਆਪਣੀਆਂ ਜ਼ਿੰਦਗੀਆਂ ਬਦਲਣ ਨੂੰ ਤਿਆਰ ਸਨ। ਬਪਤਿਸਮਾ ਲੈ ਕੇ ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਉਹ ਯੁਹੰਨਾ ਦੇ ਸੰਦੇਸ਼ ਦੀਆਂ ਗੱਲਾਂ ਮੰਨ ਰਹੇ ਹਨ।

ਜੋ ਗੱਲਾਂ ਯੂਹੰਨਾ ਨੇ ਉਨ੍ਹਾਂ ਨੂੰ ਕਰਨ ਲਈ ਦੱਸੀਆਂ ਸਨ, ਉਹ ਇਸ ਗੱਲ ਦਾ ਸਬੂਤ ਹਨ ਕਿ ਉਹ ਬਪਤਿਸਮੇ ਨੂੰ ਸਿਰਫ਼ ਸਰੀਰ ਦੀ ਕ੍ਰਿਆ ਦੇ ਰੂਪ ਵਿਚ ਮੰਨਣ ਦੀ ਮੰਗ ਹੀ ਨਹੀਂ ਕਰ ਰਿਹਾ ਸੀ ਸਗੋਂ ਆਪਣੇ ਪੈਗ਼ਾਮ ਨੂੰ ਮਨੋਂ ਮੰਨਣ ਲਈ ਉਨ੍ਹਾਂ ਤੋਂ ਤੌਬਾ ਕਰਕੇ ਬਪਤਿਸਮਾ ਲੈਣ ਦੀ ਇੱਛਾ ਕਰ ਰਿਹਾ ਸੀ (ਲੂਕਾ 3:3; ਰਸੂਲਾਂ ਦੇ ਕੰਮ 13:24)।

## ਯੂਹੰਨਾ ਦਾ ਮਿਸ਼ਨ

ਯੂਹੰਨਾ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ? ਭਲਾ ਉਹਦਾ ਇੱਕੋ ਇਕ ਮਕਸਦ ਲੋਕਾਂ ਨੂੰ ਬਪਤਿਸਮਾ ਦੇਣਾ ਸੀ? ਕੀ ਉਹ ਉਨ੍ਹਾਂ ਤੋਂ ਸਿਰਫ਼ ਇਹ ਸਾਬਤ ਕਰਵਾਉਣਾ ਚਾਹੁੰਦਾ ਸੀ ਕਿ ਬਪਤਿਸਮਾ ਲੈ ਕੇ ਖ਼ੁਦਾ ਵਿਚ ਆਪਣੇ ਵਿਸ਼ਵਾਸ ਦਾ ਇਜ਼ਹਾਰ ਕਰਨ। ਭਲਾ ਉਨ੍ਹਾਂ ਲਈ ਸਿਰਫ਼ ਇਹੀ ਸਾਬਤ ਕਰਨਾ ਜ਼ਰੂਰੀ ਸੀ ਕਿ ਉਹ ਪ੍ਰਮੇਸ਼ਵਰ ਦੇ ਹੁਕਮ ਮੰਨਣ ਲਈ ਤਿਆਰ ਹਨ? ਭਲਾ ਉਨ੍ਹਾਂ ਦੇ ਬਪਤਿਸਮੇ ਤੋਂ ਇਹ ਪਤਾ ਲੱਗਣਾ ਸੀ ਕਿ ਉਨ੍ਹਾਂ ਦੇ ਪਾਪ ਮਾਫ਼ ਹੋ ਗਏ ਹਨ ਤਾਂ ਜੋ ਉਹ ਇਕ ਧਾਰਮਿਕ ਸੰਗਠਨ ਬਣਾ ਲੈਣ ਜਾਂ ਪ੍ਰਮੇਸ਼ਵਰ ਦੇ ਕੰਮ ਲਈ ਆਪਣੇ ਆਪ ਨੂੰ ਸੌਂਪ ਦੇਣ? ਭਲਾ ਬਪਤਿਸਮੇ ਵਿਚ ਉਨ੍ਹਾਂ ਦੇ ਪਾਪ ਧੋਣ ਦੀ ਸ਼ਕਤੀ ਸੀ ਭਾਵੇਂ ਉਹ ਉਸ ਨੂੰ ਨਾ ਹੀ ਸਮਝਦੇ ਹੋਣ ਅਤੇ ਉਨ੍ਹਾਂ ਦਾ ਮਨ ਨਾ ਹੀ ਬਦਲਿਆ ਹੋਵੇ?

ਯੂਹੰਨਾ ਦੇ ਬਪਤਿਸਮੇ ਲਈ ਧਾਰਮਿਕ ਰਵਾਇਤ ਤੋਂ ਉੱਪਰ ਉੱਠ ਕੇ ਕੁਝ ਕਰਨਾ ਜ਼ਰੂਰੀ ਸੀ। ਯੂਹੰਨਾ ਦੇ ਬਪਤਿਸਮੇ ਨੂੰ ਅਣਗਹਿਲੀ ਨਾਲ ਹਲਕੇ ਢੰਗ ਨਾਲ ਲੈਣ ਵਾਲੇ ਲੋਕਾਂ ਨੇ ਪ੍ਰਮੇਸ਼ਵਰ ਦੀ ਯੋਜਨਾ ਨੂੰ ਵੀ ਹਲਕੇ ਢੰਗ ਨਾਲ ਹੀ ਲਿਆ, ਕਿਉਂਕਿ ਉਸ ਕੋਲੋਂ ਬਪਤਿਸਮਾ ਲੈਣ ਨੂੰ ਠੁਕਰਾਉਣ ਵਾਲਿਆਂ ਨੇ ''ਉਸ ਕੋਲੋਂ ਬਪਤਿਸਮਾ ਨਾ ਲੈ ਕੇ ਆਪਣੇ ਲਈ ਪ੍ਰਮੇਸ਼ਵਰ ਦੀ ਜੁਗਤ ਨੂੰ ਟਾਲ ਦਿੱਤਾ'' (ਲੂਕਾ 7:30)। ਦੂਜਿਆਂ ਨੇ ਯੂਹੰਨਾ ਕੋਲੋਂ ਬਪਤਿਸਮਾ ਲੈ ਕੇ ਪ੍ਰਮੇਸ਼ਵਰ ਨੂੰ ਧਰਮੀ ਠਹਿਰਾਇਆ (ਲੂਕਾ 7:29)। ਸਹੀ ਢੰਗ ਨਾਲ ਸਮਝ ਕੇ ਅਤੇ ਹੁਕਮ ਮੰਨਣ ਰਾਹੀਂ ਲਿਆ ਗਿਆ ਬਪਤਿਸਮਾ, ਮਨੁੱਖ ਦੇ ਹੁਕਮ ਨੂੰ *ਨਹੀਂ* ਸਗੋਂ ਪ੍ਰਮੇਸ਼ਵਰ ਦੇ ਹੁਕਮ ਨੂੰ ਮੰਨਣਾ ਹੈ। ਯੂਹੰਨਾ ਦਾ ਬਪਤਿਸਮਾ *ਨਾ* ਲੈਣ ਵਾਲੇ ਲੋਕ, ਪ੍ਰਮੇਸ਼ਵਰ ਦੀ ਯੋਜਨਾ ਨੂੰ ਨਹੀਂ ਸਗੋਂ ਪ੍ਰਮੇਸ਼ਵਰ ਦੀ *ਜੁਗਤ* ਨੂੰ ਠੋਕਰ ਮਾਰ ਰਹੇ ਸਨ। ਉਨ੍ਹਾਂ ਨੇ ਪ੍ਰਮੇਸ਼ਵਰ ਦੀ ਸ਼ਰਤ ਯਾਨੀ ਪਾਪਾਂ ਦੀ ਮਾਫ਼ੀ ਲਈ ਤੌਬਾ ਦੇ ਬਪਤਿਸਮੇ ਨੂੰ ਨਹੀਂ ਮੰਨਿਆ।

## ਯੂਹੰਨਾ ਦੇ ਬਪਤਿਸਮੇ ਦਾ ਉਦੇਸ਼

ਖੋਖਲੀ ਧਾਰਮਿਕ ਰਵਾਇਤ ਦਾ ਨਤੀਜਾ ਮਕਸਦ ਭਰੇ ਮਨ ਵਿਚ ਹੋਣ ਵਾਲੇ ਸੁਧਾਰ ਨਾਲੋਂ ਫ਼ਰਕ ਹੈ। ਯੂਹੰਨਾ ਦੇ ਪ੍ਰਚਾਰ ਨੂੰ ਮੰਨ ਕੇ ਸਿਰਫ਼ ਬਪਤਿਸਮਾ ਲੈਣ ਨਾਲ ਮਨ ਤੇ ਕੋਈ ਅਸਰ ਨਹੀਂ ਪੈ ਸਕਦਾ ਸੀ। ਕਿਸੇ ਸਮਾਰੋਹ ਵਿਚ ਸਮਰਪਣ ਕਰਨ ਨਾਲ ਜ਼ਰੂਰੀ ਨਹੀਂ ਕਿ

ਕਿਸੇ ਦੀ ਜ਼ਿੰਦਗੀ ਬਦਲ ਜਾਵੇ।

ਯੂਹੰਨਾ ਨੇ ਲੋਕਾਂ ਨੂੰ ਤੌਬਾ ਵੱਲ ਮੋੜਨ ਦੀ ਕੋਸ਼ਿਸ਼ ਕਰਦਿਆਂ ਪ੍ਰਚਾਰ ਕੀਤਾ ਸੀ। ਉਨ੍ਹਾਂ ਦੀ ਤੌਬਾ ਬਪਤਿਸਮਾ ਲੈਣ ਨਾਲ ਨਹੀਂ ਸਗੋਂ ਪ੍ਰਚਾਰ ਸੁਣਕੇ ਹੋਈ ਸੀ (ਮੱਤੀ 12:41), ਅਤੇ ਤੌਬਾ ਕਰਕੇ ਹੀ ਉਨ੍ਹਾਂ ਨੂੰ ਬਪਤਿਸਮਾ ਲੈਣ ਦੀ ਪ੍ਰੇਰਣਾ ਮਿਲੀ ਸੀ। ਤੌਬਾ ਕਰਨ ਵਾਲਿਆਂ ਨੇ ਬਪਤਿਸਮਾ ਲੈਣ ਦੀ ਉਹਦੀ ਗੱਲ ਮੰਨ ਲਈ। ਜਿਨ੍ਹਾਂ ਨੇ ਤੌਬਾ ਨਹੀਂ ਕੀਤੀ ਉਨ੍ਹਾਂ ਨੇ ਜਾਂ ਤਾਂ ਉਹਦੇ ਬਪਤਿਸਮੇ ਨੂੰ ਮੰਨਿਆਂ ਨਹੀਂ ਜਾਂ ਤੌਬਾ ਨਾ ਕਰਨ ਕਰਕੇ ਉਹਦਾ ਬਪਤਿਸਮਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਫ਼ਰੀਸੀ ਅਤੇ ਸਦੂਕੀ ਜੋ ਉਸ ਕੋਲੋਂ ਬਪਤਿਸਮਾ ਲੈਣ ਆਏ ਪਰ ਤੌਬਾ ਨਹੀਂ ਕਰ ਰਹੇ ਸਨ ਤਾਂ ਯੂਹੰਨਾ ਨੇ ਉਨ੍ਹਾਂ ਨੂੰ ਝਿੜਕਿਆ (ਮੱਤੀ 3:7-9)। ਜੇ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਉਹ ਉਨ੍ਹਾਂ ਤੋਂ ਸਿਰਫ਼ ਬਪਤਿਸਮਾ ਲੈਣ ਦੀ ਹੀ ਆਸ ਕਰਦਾ ਤਾਂ ਉਹਨੇ ਉਨ੍ਹਾਂ ਨੂੰ ਕਬੂਲ ਕਰ ਲੈਣਾ ਸੀ। ਉਹ ਸਿਰਫ਼ ਬਪਤਿਸਮਾ ਹੀ ਨਹੀਂ ਸਗੋ ਉਹ ਉਨ੍ਹਾਂ ਤੋਂ ਤੌਬਾ ਵੀ ਕਰਵਾਉਣਾ ਚਾਹ ਰਿਹਾ ਸੀ। ਜਿਸ ਨਾਲ ਉਨ੍ਹਾਂ ਦਾ ਬਪਤਿਸਮਾ ਲੈਣਾ ਵੀ ਜੁੜਿਆ ਹੋਇਆ ਸੀ ਜਿਸ ਨਾਲ ਉਨ੍ਹਾਂ ਦੇ ਪਾਪ ਮਾਫ਼ ਹੋ ਜਾਂਦੇ (ਲੂਕਾ 3:3)।

ਯੂਹੰਨਾ ਤੋਂ ਬਪਤਿਸਮਾ ਲੈਣ ਵਾਲੇ ਲੋਕ ਤੌਬਾ ਕਰ ਰਹੇ ਸਨ; ਤੌਬਾ ਕਰਨ ਕਰਕੇ, ਬਪਤਿਸਮਾ ਲੈਣ ਨਾਲ ਉਨ੍ਹਾਂ ਦੇ ਪਾਪ ਮਾਫ਼ ਹੋ ਜਾਣੇ ਸਨ। ਪਾਪਾਂ ਦੀ ਮਾਫ਼ੀ ਤੌਬਾ ਕਰਨ ਅਤੇ ਬਪਤਿਸਮਾ ਦੋਹਾਂ ਦੇ ਅਧਾਰ ਤੇ ਸੀ, ਕਿਉਂਕਿ ਇਹ ਪਾਪਾਂ ਦੀ ਮਾਫ਼ੀ ਲਈ ਤੌਬਾ ਦਾ ਬਪਤਿਸਮਾ ਸੀ।

ਬਹੁਤ ਸਾਰੇ ਲੋਕਾਂ ਨੇ ਯੂਹੰਨਾ ਦਾ ਬਪਤਿਸਮਾ ਲਿਆ ਅਤੇ ਉਹਦੇ ਚੇਲੇ ਬਣ ਗਏ (ਮੱਤੀ 9:14; ਯੂਹੰਨਾ 1:35; 3:25; 4:1)। ਉਹਦਾ ਮਕਸਦ ਯਿਸੂ ਨਾਲੋਂ ਵੱਧ ਚੇਲੇ ਬਣਾਉਣਾ ਨਹੀਂ ਸਗੋਂ ਯਿਸੂ ਦੇ ਸ਼ਗਿਰਦ ਬਣਾਉਣ ਲਈ ਆਪਣੇ ਸ਼ਗਿਰਦਾਂ ਨੂੰ ਤਿਆਰ ਕਰਨਾ ਸੀ। ਉਹਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਇਹ ਜ਼ਰੂਰੀ ਹੈ ਕਿ ਯਿਸੂ ਵਧੇ ਅਤੇ ਉਹ ਘਟੇ, ਜਿਸ ਨਾਲ ਉਹਦਾ ਆਨੰਦ ਪੂਰਾ ਹੋਵੇ (ਯੂਹੰਨਾ 3:25-30)।

ਅੰਦ੍ਰਿਆਸ (ਯੂਹੰਨਾ 1:35, 40) ਅਤੇ ਪਤਰਸ ਰਸੂਲਾਂ ਸਣੇ ਯੂਹੰਨਾ ਦੇ ਬਹੁਤ ਸਾਰੇ ਚੇਲੇ ਯਿਸੂ ਦੇ ਸ਼ਗਿਰਦ ਬਣ ਗਏ ਹੋਣਗੇ। ਕੁਝ ਨੂੰ ਤਾਂ ਜਿਨ੍ਹਾਂ ਨੇ ਯੂਹੰਨਾ ਦਾ ਬਪਤਿਸਮਾ ਲਿਆ ਸੀ ਇਹ ਪਤਾ ਲੱਗਣ ਤੇ ਕਿ ਯੂਹੰਨਾ ਯਿਸੂ ਦੇ ਬਪਤਿਸਮੇ ਵੱਲ ਹੀ ਇਸ਼ਾਰਾ ਕਰ ਰਿਹਾ ਸੀ, ਬਾਅਦ ਵਿਚ ਯਿਸੂ ਦਾ ਬਪਤਿਸਮਾ ਵੀ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 19:1-5)।

## ਸਾਰ

ਯੂਹੰਨਾ ਦਾ ਬਪਤਿਸਮਾ ਪ੍ਰਮੇਸ਼ਵਰ ਦਾ ਹੁਕਮ ਅੱਖਾਂ ਮੀਟ ਕੇ ਮੰਨਣ ਦੇ ਕੰਮ ਲਈ ਕੋਈ ਧਾਰਮਿਕ ਰਵਾਇਤ ਨਹੀਂ ਸੀ। ਯੂਹੰਨਾ ਦਾ ਬਪਤਿਸਮਾ ਉਨ੍ਹਾਂ ਲਈ ਸੀ ਜਿਨ੍ਹਾਂ (1) ਆਪਣੇ ਪਾਪਾਂ ਨੂੰ ਮੰਨ ਲਿਆ ਸੀ, (2) ਆਪਣੇ ਪਾਪਾਂ ਤੋਂ ਤੌਬਾ ਕਰ ਰਹੇ ਸਨ, (3) ਆਪਣੇ ਪਾਪਾਂ ਦੀ ਮਾਫ਼ੀ ਦੀ ਭਾਲ ਵਿਚ ਸਨ, (4) ਮਸੀਹ ਦੇ ਬਾਰੇ ਉਹਦੀ ਆਗਿਆ ਨੂੰ ਮੰਨ ਰਹੇ ਸਨ ਜਿਹਨੇ ਥੋੜ੍ਹੀ ਦੇਰ ਬਾਅਦ ਹੀ ਪ੍ਰਗਟ ਹੋ ਜਾਣਾ ਸੀ ਅਤੇ (5) ਮਸੀਹ ਦੇ ਆਉਣ ਵਾਲੇ ਰਾਜ ਦੀ ਤਿਆਰੀ ਵਿਚ ਧਰਮੀ ਜੀਵਨ ਜੀਉਣ ਦਾ ਵਿਸ਼ਵਾਸ ਕਰ ਰਹੇ ਸਨ। ਯੂਹੰਨਾ ਦਾ ਬਪਤਿਸਮਾ ਖੋਖਲਾ ਧਾਰਮਿਕ ਸੰਸਕਾਰ ਜਾਂ ਵਿਅਰਥ ਸਮਾਰੋਹ ਨਹੀਂ ਸੀ। ਯੂਹੰਨਾ ਦਾ ਬਪਤਿਸਮਾ ਲੈਣ

ਵਾਲਿਆਂ ਲਈ ਉਹਦੀ ਸਮਝ ਹੋਣੀ ਜ਼ਰੂਰੀ ਸੀ ਜਿਸ ਨਾਲ ਉਹ ਇਹਨੂੰ ਸਹੀ ਮਕਸਦ ਅਤੇ ਮਨ ਦੀ ਸੱਚਾਈ ਨਾਲ ਲੈ ਸਕਦੇ।